ਇਹੁ ਹਮਾਰਾ ਜੀਵਣਾ

26.7.97

# ਆਜ਼ਾਦੀ ਤੋਂ 50 ਸਾਲ ਬਾਅਦ

ਗੁਰਸ਼ਰਨ ਸਿੰਘ

ਦੇਸ਼ ਨੂੰ ਆਜ਼ਾਦ ਹੋਇਆਂ 50 ਸਾਲ ਹੋ ਗਏ ਹਨ। ਇਨ੍ਹਾਂ 50 ਸਾਲਾਂ 'ਤੇ ਝਾਤ ਮਾਰੀਏ ਤਾਂ ਕੁੱਝ ਐਸਾ ਨਹੀਂ, ਜਿਸ ਉੱਤੇ ਮਾਣ ਕੀਤਾ ਜਾ ਸਕੇ। ਹੁਣ ਤਾਂ ਹਾਲਤ ਬਿਲਕੁਲ ਹੀ ਪਤਲੀ ਹੋ ਗਈ ਹੈ। ਸਾਰੇ ਦੇਸ਼ ਵਿਚ ਧਰਮ, ਜਾਤ ਤੇ ਇਲਾਕਾ ਅਧਾਰਤ ਸਿਆਸਤ ਭਾਰੂ ਹੋ ਗਈ ਹੈ। ਇਸ ਦੇ ਬਹੁਤ ਹੀ ਭਿਆਨਕ ਨਤੀਜੇ ਨਿਕਲਣ ਦਾ ਖ਼ਤਰਾ ਹੈ। ਕੋਈ ਵੀ ਨੈਸ਼ਨਲ ਪੱਧਰ ਦਾ ਪ੍ਰਾਜੈਕਟ ਪੂਰਾ ਹੋਣਾ ਹੁਣ ਕੋਈ ਆਸਾਨ ਗੱਲ ਨਹੀਂ। ਭਾਖੜਾ ਡੈਮ ਜਦੋਂ ਬਣਿਆ ਤਾਂ ਹੁਣ ਵਾਲੇ ਹਿਮਾਚਲ ਪ੍ਰਦੇਸ਼ ਦਾ ਬਹੁਤ ਵੱਡਾ ਹਿੱਸਾ ਅਤੇ ਇਕ ਸ਼ਹਿਰ ਬਿਲਾਸਪੁਰ ਪਾਣੀ ਵਿਚ ਡੁੱਬ ਗਿਆ। ਉਸ ਵੇਲੇ ਮੁਆਵਜ਼ਾ ਭਾਵੇਂ ਪੂਰਾ ਦਿੱਤਾ ਗਿਆ ਪਰ ਜੇ ਉਹ ਡੈਮ ਅੱਜ ਬਣਦਾ ਤਾਂ ਕਦੀ ਵੀ ਪੂਰਾ ਨਾ ਹੁੰਦਾ। ਹਿਮਾਚਲ ਪ੍ਰਦੇਸ਼ ਵਾਲੇ ਜ਼ਰੂਰ ਰੇੜਕਾ ਛੇੜ ਦਿੰਦੇ ਕਿ ਸਾਡੀ ਜ਼ਮੀਨ ਕਿਉਂ ਪਾਣੀ ਵਿਚ ਡੁੱਬੇ ਜਦੋਂ ਕਿ ਫਾਇਦਾ ਪੰਜਾਬ ਅਤੇ ਰਾਜਸਥਾਨ ਨੂੰ ਹੋਣਾ ਹੈ। ਫੌਜ ਵਿਚ ਵੀ ਇਲਾਕਾਈ ਸ਼ਾਵਨਵਾਦ ਦੇ ਅੰਸ਼ ਆਉਣੇ ਸ਼ੁਰੂ ਹੋ ਗਏ ਹਨ। ਇਸ ਸਾਰੀ ਸੋਚ ਦੇ ਬੜੇ ਭਿਆਨਕ ਨਤੀਜੇ ਨਿਕਲਣ ਦਾ ਖ਼ਦਸ਼ਾ ਹੈ। ਅੱਜ ਦੀ ਸਾਇੰਸ ਨੇ ਜੋ ਤਰੱਕੀ ਕੀਤੀ ਹੈ, ਉਸ ਦੀਆਂ ਪ੍ਰਾਪਤੀਆਂ ਵਿਚ ਹਿੰਦੋਸਤਾਨ ਦੇ ਸਾਇੰਸਦਾਨ ਵੀ ਕੋਈ ਪਿੱਛੇ ਨਹੀਂ ਪਰ ਇਸ ਸਾਇੰਸ ਦਾ ਸਾਡੀ ਰੋਜ਼ ਦੀ ਜ਼ਿੰਦਗੀ ਵਿਚ ਜੋ ਸਮਾਜਕ ਵਖਰੇਵਾਂ ਹੈ, ਉਹਦੇ 'ਤੇ ਕੋਈ ਅਸਰ ਨਹੀਂ। ਨਾਬਰਾਬਰੀ ਵਾਲਾ ਸਮਾਜ ਆਪਣੀ ਪੂਰੀ ਬੇਰਹਿਮੀ ਨਾਲ ਕਾਇਮ ਹੈ। 95 ਕਰੋੜ ਦੀ ਅਬਾਦੀ ਵਾਲੇ ਇਸ ਮੁਲਕ ਵਿਚ ਕੋਈ 84 ਕਰੋੜ ਲੋਕ ਜਿਹੜਾ ਜੀਵਨ ਜੀਉ ਰਹੇ ਹਨ, ਉਹ ਕਿਸੇ ਵੀ ਹਾਲਤ ਵਿਚ ਅੱਜ ਦੇ ਮਨੁੱਖ ਦੇ ਜੀਣ ਦੇ ਕਾਬਲ ਨਹੀਂ। ਪੀਣ ਲਈ ਸੁਥਰਾ ਪਾਣੀ ਨਹੀਂ, ਰਹਿਣ ਲਈ ਐਸਾ ਮਕਾਨ ਨਹੀਂ, ਜਿਸ ਵਿਚ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ। ਇਹੋ ਜਿਹੀ ਹਾਲਤ ਵਿਚ ਕਰਨਾ ਕੀ ਬਣਦਾ ਹੈ? ਅਤੇ ਇਹ ਜੋ ਕਰਨਾ ਬਣਦਾ ਹੈ, ਉਹ ਕਿਸ ਨੇ ਕਰਨਾ ਹੈ? ਸਾਫ਼ ਹੈ ਕਿ ਜਿਹੜੇ ਇਸ ਸਮਾਜ ਵਿਚ ਸਾਰੀਆਂ ਸਹੂਲਤਾਂ ਲੈ ਕੇ ਬੈਠੇ ਹਨ, ਉਹ ਇਸ ਸਮਾਜ ਦੇ ਬੁਨਿਆਦੀ ਢਾਂਚੇ ਨੂੰ ਬਦਲਣ ਵਿਚ ਕੋਈ ਦਿਲਚਸਪੀ ਨਹੀਂ ਰੱਖਦੇ। ਇਸੇ ਤਰ੍ਹਾਂ ਜਿਹੜਾ ਬਿਲਕੁਲ ਹੇਠਾਂ ਦਾ ਵਰਗ ਹੈ, ਉਸ ਨੂੰ ਹਾਲੇ ਤੱਕ ਇਹ ਸੂਝ ਜਾਂ ਚੇਤਨਾ ਹੀ ਨਹੀਂ। ਉਹ ਇਹ ਸੋਚ ਹੀ ਨਹੀਂ ਸਕਦੇ ਕਿ ਜ਼ਿੰਦਗੀ ਬਦਲਣ ਦੀ ਕੋਈ ਸੰਭਾਵਨਾ ਹੈ ਵੀ।

ਇਸ ਵਾਸਤੇ ਉਨ੍ਹਾਂ ਲੋਕਾਂ ਦੀ ਸ਼ਨਾਖ਼ਤ ਕਰਨ ਜ਼ਰੂਰੀ ਹੈ, ਜੋ ਸਮਾਜ ਬਦਲਣ ਦੀ ਭੂਮਿਕਾ ਨਿਭਾ ਸਕਦੇ ਹਨ। ਬਰਾਬਰੀ ਵਾਲਾ ਸਮਾਜ ਬਣਾਉਣਾ ਸਿਰਫ਼ ਤੇ ਸਿਰਫ਼ ਖੱਬੀ ਧਿਰ ਦਾ ਫਿਕਰ ਹੈ। ਜਿਸ ਤਰ੍ਹਾਂ ਬੁਰਜੂਆ ਸਿਆਸਤ ਦਾ ਧੁਰਾ ਪੈਸਾ ਅਤੇ ਚੌਧਰ ਹੈ, ਖੱਬੀ ਧਿਰ ਦੀ ਸਿਆਸਤ ਦਾ ਧੁਰਾ ਅਵਾਮੀ ਜਥੇਬੰਦੀਆਂ ਹਨ ਅਤੇ ਸਮਾਜ ਬਦਲਣ ਦੀਆਂ ਜ਼ਿੰਮੇਵਾਰੀਆਂ, ਇਨ੍ਹਾਂ ਜਥੇਬੰਦੀਆਂ ਨੇ ਹੀ ਨਿਭਾਉਣੀਆਂ ਹਨ। ਇਨ੍ਹਾਂ ਜਥੇਬੰਦੀਆਂ ਰਾਹੀਂ ਜਦੋਂ ਆਰਥਿਕ ਮੰਗਾਂ ਲਈ ਲੜਿਆ ਜਾਏ ਤਾਂ ਇਨ੍ਹਾਂ ਨੂੰ ਇਹ ਵੀ ਅਹਿਸਾਸ ਦਿਵਾਇਆ ਜਾਏ ਕਿ ਇਨ੍ਹਾਂ ਨੇ ਇਸ ਸਮਾਜ ਬਦਲਣ ਵਿਚ ਆਪਣੀ ਭੂਮਿਕਾ ਨਿਭਾਉਣੀ ਹੈ। ਇਹ ਅਵਾਮੀ ਜਥੇਬੰਦੀਆਂ ਮਜ਼ਦੂਰਾਂ, ਕਿਸਾਨਾਂ, ਖੇਤ ਮਜ਼ਦੂਰਾਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਮੁਲਾਜ਼ਮਾਂ ਦੀਆਂ ਹਨ। ਔਰਤਾਂ ਦੀਆਂ ਜਥੇਬੰਦੀਆਂ ਜਿੱਥੇ ਇਸ ਗੱਲ ਲਈ ਸੰਘਰਸ਼ ਕਰਨ ਕਿ ਮਰਦ ਪ੍ਰਧਾਨ ਸਮਾਜ ਵਿਚ ਉਨ੍ਹਾਂ ਦਾ ਸ਼ੋਸ਼ਣ ਖ਼ਤਮ ਹੋਵੇ ਤਾਂ ਨਾਲ ਉਨ੍ਹਾਂ ਨੂੰ ਇਹ ਸਿਆਸਤ ਵੀ ਸਮਝਾਈ ਜਾਵੇ ਕਿ ਇਹਦੇ ਲਈ ਸਮਾਜਵਾਦੀ ਤਰਜ ਦੇ ਨਿਜ਼ਾਮ ਦੀ ਲੋੜ ਹੈ। ਖੱਬੀ ਧਿਰ ਨੂੰ ਆਪਣੀ ਸਿਆਸਤ ਦੇ ਧੁਰੇ ਨੂੰ ਪਛਾਣਦੇ ਹੋਏ, ਸਿਆਸੀ ਲੜਾਈ ਆਪਣੇ ਪਿੜ ਵਿਚ ਲੜਨੀ ਚਾਹੀਦੀ ਹੈ। ਬੁਰਜੂਆ ਪਿੜ ਵਿਚ ਜਾ ਕੇ ਜੇ ਲੜਨ ਦੀ ਕੋਸ਼ਿਸ਼ ਕੀਤੀ ਗਈ ਤਾਂ ਮਾਰ ਹੀ ਖਾਣੀ ਹੈ। ਇਹ ਇਕ ਵਾਰਨਿੰਗ ਵੀ ਹੈ ਤੇ ਚੁਣੌਤੀ ਵੀ ਹੈ।